WCB FACTS 2021

# ਰੀਟਾਇਰਮੈਂਟ ਸਾਲਾਨਾ ਭੱਤਾ

ਰੀਟਾਇਰਮੈਂਟ ਸਾਲਾਨਾ ਭੱਤਾ ਕੀ ਹੈ?

ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB)ਯੋਗ ਕਾਮਿਆਂ ਲਈ ਇੱਕ ਰਿਟਾਇਰਮੈਂਟ ਐਨੁਇਟੀ ਖਾਤੇ ਵਿੱਚ ਇੱਕ ਫੰਡ ਅੱਡ ਕਰਦਾ ਹੈ। ਇਸ ਫੰਡ ਦਾ ਉਦੇਸ਼ ਕਾਮਿਆਂ ਨੂੰ ਉਹਨਾਂ ਦੀ ਰਿਟਾਇਮੈਂਟ ਆਮਦਨ ਵਿੱਚ ਮਦਦ ਕਰਨਾ ਹੈ ਜੇਕਰ ਇਹ ਕੰਮ ਨਾਲ ਸੰਬੰਧਤ ਸੱਟ ਜਾਂ ਬਿਮਾਰੀ ਕਰਕੇ ਪ੍ਰਭਾਵਿਤ ਹੁੰਦੀ ਹੈ। ਆਮ ਤੌਰ ਤੇ ਐਨੁਇਟੀ 65 ਸਾਲ ਤੋਂ ਪਹਿਲਾਂ ਦੀ ਉਮਰ ਤੱਕ ਭੁਗਤਾਨਯੋਗ ਹੁੰਦੀ ਹੈ, ਜਾਂ ਫਿਰ ਜਦੋਂ WCB ਨਿਰਧਾਰਿਤ ਕਰ ਲਵੇ ਕਿ ਕਰਮਚਾਰੀ ਕਾਰਜਬਲ ਵਿੱਚੋਂ ਰਿਟਾਇਰ ਹੋ ਗਿਆ ਹੈ, ਪਰ 55 ਦੀ ਉਮਰ ਤੋਂ ਬਾਅਦ ਨਹੀਂ।

ਰੀਟਾਇਰਮੈਂਟ ਸਾਲਾਨਾ ਭੱਤਾ ਦਾ ਵਿੱਤਪੋਸ਼ਣ ਕਿਵੇਂ ਹੁੰਦਾ ਹੈ?

ਸਾਲਾਨਾ ਭੱਤਾ ਦਾ ਵਿੱਤਪੋਸ਼ਣ WCB ਰਾਹੀਂ ਹੁੰਦਾ ਹੈ; ਹਾਲਾਂਕਿ ਕਾਮੇ ਵੀ ਹਿੱਸਾ ਪਾਉਣ ਦੀ ਚੋਣ ਕਰ ਸਕਦੇ ਹਨ।

ਰੀਟਾਇਰਮੈਂਟ ਸਾਲਾਨਾ ਭੱਤੇ ਲਈ ਕੌਣ ਯੋਗ ਹੁੰਦਾ ਹੈ?

ਤੁਸੀਂ ਰੀਟਾਇਰਮੈਂਟ ਸਾਲਾਨਾ ਭੱਤਾ ਲਈ ਯੋਗ ਹੋ ਜੇਕਰ:

1. ਤੁਹਾਨੂੰ ਘੱਟੋ-ਘੱਟ 104 ਹਫਤਿਆਂ ਲਈ ਤਨਖਾਹ ਦੇ ਨੁਕਸਾਨ ਦੇ ਲਾਭ ਪ੍ਰਾਪਤ ਹੋਏ ਹਨ;
   ਅਤੇ
2. ਤੁਹਾਡੀ ਨਿਯੋਜਕ ਪੈਨਸ਼ਨ ਮੁਆਵਜ਼ੇ ਯੋਗ ਸੱਟ ਰਾਹੀਂ ਪ੍ਰਭਾਵਿਤ ਹੋਈ
   ਜਾਂ
   ਤੁਹਾਡੇ ਸੱਟ ਵਾਲੇ ਮਾਲਕ ਦੀ ਕੋਈ ਪੈਨਸ਼ਨ ਯੋਜਨਾ ਨਹੀਂ ਸੀ।

.

ਰੀਟਾਇਰਮੈਂਟ ਸਾਲਾਨਾ ਭੱਤਾ ਕਿਵੇਂ ਕੰਮ ਕਰਦਾ ਹੈ?

WCB ਰਾਹੀਂ ਇੱਕ ਪਾਸੇ ਸੈਟ ਕੀਤੀ ਰਾਸ਼ੀ ਉਸ ਰਾਸ਼ੀ (ਜੇਕਰ ਕੋਈ ਹੋਵੇ) ਤੇ ਨਿਰਭਰ ਕਰਦੀ ਹੈ ਜਿਹੜੀ ਤੁਹਾਡਾ ਨਿਯੋਜਕ ਸੱਟ ਤੋਂ ਪਹਿਲਾਂ ਹਿੱਸੇ ਵਿਚ ਪਾਉਂਦਾ ਸੀ, ਅਤੇ ਰਾਸ਼ੀ ਜਿਹੜੀ ਉਹ ਤੁਹਾਡੇ ਪੈਨਸ਼ਨ ਪਲਾਨ ਵਿਚ ਹੁਣ ਵੀ ਹਿੱਸੇ ਵਿਚ ਪਾਉਂਦੇ ਹਨ।

ਕੀ ਮੇਰੇ ਹਫਤੇਵਾਰ ਲਾਭ WCB ਰਾਹੀਂ ਇੱਕ ਪਾਸੇ ਸੈਟ ਕੀਤੀ ਰਾਸ਼ੀ ਨਾਲ ਪ੍ਰਭਾਵਿਤ ਹੁੰਦੇ ਹਨ?

WCB ਰਾਹੀਂ ਇੱਕ ਪਾਸੇ ਸੈਟ ਕੀਤੀ ਰਾਸ਼ੀ ਤੁਹਾਡੇ ਭੱਤਾ ਹਾਨੀ ਲਾਭਾਂ ਵਿਚੋਂ <u>ਨਹੀਂ</u> ਘਟਾਏ ਜਾਂਦੇ।

ਮੈਂ ਰੀਟਾਇਰਮੈਂਟ ਸਾਲਾਨਾ ਭੱਤਾ ਵਿਚ ਕਿੰਨਾ ਹਿੱਸਾ ਪਾ ਸਕਦਾ ਹਾਂ?

ਤੁਸੀਂ ਕੋਈ ਵੀ ਹਿੱਸਾ ਰਾਸ਼ੀ ਪਾ ਸਕਦੇ ਹੋ ਜੋ ਵਧ ਤੋਂ ਵਧ WCB ਰਾਹੀਂ ਪਾਈ ਜਾਂਦੀ ਹਿੱਸਾ ਰਾਸ਼ੀ ਦੇ ਬਰਾਬਰ ਤਕ ਹੋਵੇ। ਜਿਹੜੀ ਹਿੱਸਾ ਰਾਸ਼ੀ ਤੁਸੀਂ ਚੁਣਦੇ ਹੋ ਉਹ WCB ਭੱਤਾ ਹਾਨੀ ਲਾਭਾਂ ਵਿਚੋਂ <u>ਘਟਾ ਲਈ ਜਾਂਦੀ ਹੈ</u>।

ਕੀ ਮੈਂ ਆਪਣੇ ਹਿੱਸੇ ਦੀ ਰਾਸ਼ੀ ਨੂੰ ਘਟਾ ਵਧਾ ਸਕਦਾ ਹਾਂ?

ਜਦੋਂ ਤੁਸੀਂ ਇੱਕ ਵਾਰ ਫੈਸਲਾ ਕਰ ਲੈਂਦੇ ਹੋ ਕਿ ਹਿੱਸਾ ਪਾਉਣਾ ਹੈ ਜਾਂ ਨਹੀਂ, ਇਹ ਫੈਸਲਾ ਨਹੀਂ ਬਦਲਿਆ ਜਾ ਸਕਦਾ।

ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਵਿਚ ਕਿਸ ਦਰ ਤੇ ਵਿਆਜ ਜੁੜਦਾ ਹੈ?

ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਵਿਚ ਵਿਆਜ ਉਸੇ ਦਰ ਤੇ ਜੁੜਦਾ ਹੈ ਜਿਹੜਾ WCB ਨਿਵੇਸ਼ਾਂ ਦੀਆਂ ਰਿਟਰਨਾਂ ਦਾ ਬੁਕ ਰੇਟ ਹੁੰਦਾ ਹੈ।

ਰੀਟਾਇਰਮੈਂਟ ਸਾਲਾਨਾ ਭੱਤਾ ਦਾ ਵਿੱਤਪੋਸ਼ਣ ਕਿਵੇਂ ਹੁੰਦਾ ਹੈ?

ਸਾਲਾਨਾ ਭੱਤਾ ਤੁਹਾਡੀ ਰੀਟਾਇਰਮੈਂਟ ਦੇ ਸਮੇਂ ਇੱਕ ਉੱਕੀ-ਪੁੱਕੀ ਰਕਮ ਦੇ ਰੂਪ ਵਿੱਚ ਅਦਾ ਕੀਤਾ ਜਾਂਦਾ ਹੈ। ਹਾਲਾਂਕਿ, ਇੱਕ ਮਹੀਨੇਵਾਰ ਭੁਗਤਾਨ ਵਿਕਲਪ ਉਪਲਬਧ ਹੈ, ਜੇਕਰ ਤੁਹਾਡਾ ਸਾਲਾਨਾ ਭੱਤਾ ਬਾਕਾਇਆ ਇੱਕ ਤੈਅ ਪੱਧਰ ‘ਤੇ ਪੁੱਜ ਜਾਵੇ। 2021 ਵਿੱਚ, ਇਹ ਪੱਧਰ $18,100 ਸੀ।

ਕਿਹੜੇ ਕਾਰਕ ਹਨ ਜਿਹੜੇ ਨਿਰਧਾਰਤ ਕਰਦੇ ਹਨ ਕਿ ਮੈਂ ਕਿੰਨਾ ਮਹੀਨੇਵਾਰ ਭੁਗਤਾਨ ਪ੍ਰਾਪਤ ਕਰਾਂਗਾ?

ਤੁਹਾਡੇ ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਤੋਂ ਤੁਹਾਨੂੰ ਮਿਲਣ ਵਾਲਾ ਮਹੀਨੇਵਾਰ ਭੁਗਤਾਨ ਤੁਹਾਡੇ ਹਾਲਾਤਾਂ ਤੇ ਨਿਰਭਰ ਕਰੇਗਾ। ਉਹ ਕਾਰਕ ਜਿਹਨਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ ਜਦੋਂ ਕਿਸੇ ਸਾਲਾਨਾ ਭੱਤੇ ਦੇ ਮਹੀਨੇਵਾਰ ਭੁਗਤਾਨ ਨੂੰ ਗਿਣਿਆ ਜਾਂਦਾ ਹੈ:

- ਤੁਹਾਡੇ ਵੱਲੋਂ ਚੁਣੀ ਗਈ ਸਾਲਾਨਾ ਭੱਤੇ ਦੀ ਕਿਸਮ
- ਪਾਏ ਹਿੱਸਿਆਂ ਦੀ ਰਾਸ਼ੀ
- ਤੁਹਾਡੀ ਉਮਰ ਅਤੇ
- ਭਵਿੱਖ ਦੀਆਂ ਵਿਆਜ ਦਰਾਂ।

ਕੀ ਹੋਵੇਗਾ ਜੇਕਰ ਮੈਂ ਸਾਲਾਨਾ ਭੱਤਾ ਸੰਗ੍ਰਹਿ ਕਰਨ ਤੋਂ ਪਹਿਲਾਂ ਮਰ ਜਾਂਦਾ ਹਾਂ?

ਜੇਕਰ ਤੁਸੀਂ ਰੀਟਾਇਰਮੈਂਟ ਦੀ ਉਮਰ ਤਕ ਪਹੁੰਚਣ ਤੋਂ ਪਹਿਲਾਂ ਮਰ ਜਾਂਦੇ ਹੋ ਤਾਂ ਤੁਹਾਡਾ ਜੀਵਿਤ ਜੀਵਨ ਸਾਥੀ ਜਾਂ ਸਾਂਝਾ-ਕਾਨੂੰਨੀ ਜੀਵਨ ਸਾਥੀ ਤੁਹਾਡੀ ਮੌਤ ਦੀ ਮਿਤੀ ਤਕ ਤੁਹਾਡੇ ਰੀਟਾਇਰਮੈਂਟ ਸਾਲਾਨਾ ਭੱਤੇ ਖਾਤੇ ਦੀ ਪੂਰੀ ਕੀਮਤ ਪ੍ਰਾਪਤ ਕਰੇਗਾ (ਤੁਹਾਡੇ ਹਿੱਸੇ ਪਲਸ WCB ਦੇ ਹਿੱਸੇ ਅਤੇ ਵਿਆਜ)।

ਜੇਕਰ ਤੁਸੀਂ ਰੀਟਾਇਰਮੈਂਟ ਦੀ ਉਮਰ ਤਕ ਪਹੁੰਚਣ ਤੋਂ ਪਹਿਲਾਂ ਮਰ ਜਾਂਦੇ ਹੋ, ਅਤੇ ਤੁਹਾਡੀ ਮੌਤ ਸਮੇਂ ਤਕ ਤੁਹਾਡਾ ਕੋਈ ਜੀਵਨ ਸਾਥੀ ਜਾਂ ਸਾਂਝਾ-ਕਾਨੂੰਨੀ ਜੀਵਨ ਸਾਥੀ ਨਹੀਂ ਹੈ, ਤੁਹਾਡੀ ਸੰਪਤੀ ਵਿਚ ਤੁਹਾਡੀ ਮੌਤ ਦੀ ਮਿਤੀ ਤਕ ਤੁਹਾਡੇ ਰੀਟਾਇਰਮੈਂਟ ਸਾਲਾਨਾ ਭੱਤੇ ਖਾਤੇ ਦੀ ਪੂਰੀ ਕੀਮਤ ਜੁੜ ਜਾਵੇਗੀ (ਤੁਹਾਡੇ ਹਿੱਸੇ ਅਤੇ ਨਾਲ ਹੀ WCB ਦੇ ਹਿੱਸੇ ਅਤੇ ਵਿਆਜ), ਤੁਹਾਡੀ ਸੱਟ ਦੀ ਮਿਤੀ ਦੇ ਆਧਾਰ ਤੇ।

ਕੀ ਮੈਨੂੰ ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਦੀਆਂ ਨੇਮੀ ਸਟੇਟਮੈਂਟਾਂ ਮਿਲਣਗੀਆਂ?

ਹਰ ਸਾਲ ਜੂਨ ਵਿਚ, ਤੁਹਾਨੂੰ ਇੱਕ ਸਟੇਟਮੈਂਟ ਮਿਲੇਗੀ ਜਿਹੜੀ ਤੁਹਾਨੂੰ ਪਿਛਲੇ ਸਾਲ ਦੀ 31 ਦਸੰਬਰ ਤਕ ਤੁਹਾਡੇ ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਵਿਚ ਬਾਕੀ ਬਾਰੇ ਜਾਣਕਾਰੀ ਦੇਵੇਗੀ। ਇਹ ਸਟੇਟਮੈਂਟ ਤੁਹਾਡਾ ਕੁੱਲ ਹਿੱਸਾ (ਜੇਕਰ ਕੋਈ ਹੋਵੇ), WCB ਦੀਆਂ ਹਿੱਸੇਦਾਰੀਆਂ ਅਤੇ ਪਿਛਲੇ ਕੈਲੰਡਰ ਸਾਲ ਵਿਚ ਜੁੜੇ ਵਿਆਜ ਦੀ ਰਾਸ਼ੀ ਦੱਸਦੀ ਹੈ।

ਕੀ ਮੈਂ ਆਪਣੀ ਰਿਟਾਇਰਮੈਂਟ ਐਨੁਇਟੀ ਨੂੰ ਇੱਕ ਰਜਿਸਟਰ ਕੀਤੀ ਯੋਜਨਾ ਵਿੱਚ ਟ੍ਰਾਂਸਫਰ ਕਰ ਸਕਦਾ/ਸਕਦੀ ਹਾਂ?

WSB ਰਿਟਾਇਰਮੈਂਟ ਐਨੁਇਟੀ ਇੱਕ ਰਜਿਸਟਰਡ ਯੋਜਨਾ ਨਹੀਂ ਹੈ, ਇਸ ਲਈ ਇਸ ਨੂੰ ਰਜਿਸਟਰ ਕੀਤੀ ਯੋਜਨਾ ਵਿੱਚ ਟ੍ਰਾਂਸਫਰ ਨਹੀਂ ਕੀਤਾ ਜਾ ਸਕਦਾ।

ਤੁਹਾਨੂੰ ਪਤੇ ਵਿਚ ਕਿਸੇ ਵੀ ਤਬਦੀਲੀ ਬਾਰੇ WCB ਨੂੰ ਦੱਸਣਾ ਚਾਹੀਦਾ ਹੈ, ਤਾਂ ਜੋ WCB ਤੁਹਾਨੂੰ ਲਗਾਤਾਰ ਇਹ ਰੀਟਾਇਰਮੈਂਟ ਸਾਲਾਨਾ ਭੱਤਾ ਖਾਤਾ ਸਟੇਟਮੈਂਟਾਂ ਭੇਜ ਸਕੇ।

ਜੇਕਰ ਤੁਹਾਡੇ ਸਾਲਾਨਾ ਭੱਤਾ ਬਾਰੇ ਕੋਈ ਹੋਰ ਪ੍ਰਸ਼ਨ ਹਨ, ਕਿਰਪਾ ਕਰਕੇ ਫੋਨ ਕਰੋ
(204) 954-4321 ਜਾਂ ਟੋਲ-ਫ੍ਰੀ 1-855-954-4321

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਦਿੱਤਾ ਗਿਆ ਹੈ ਅਤੇ ਇਸਨੂੰ ਕਾਨੂੰਨੀ ਸਲਾਹ ਵਜੋਂ ਨਹੀਂ ਲਿਆ ਜਾਣਾ ਚਾਹੀਦਾ। ਹੋਰ ਵਿਸ਼ੇਸ਼ ਜਾਣਕਾਰੀ ਲਈ *ਦ ਵਰਕਰਜ਼ ਕਮਪਨਸੇਸ਼ਨ ਐਕਟ ਆਫ਼ ਮੈਨੀਟੋਬਾ ਐਂਡ ਰੈਗੂਲੇਸ਼ਨਜ਼ (The Workers Compensation Act of Manitoba and Regulations)* ਦੇਖੋ ਜਿਹੜਾ (204) 945-3101 ਤੇ ਫੋਨ ਕਰਕੇ ਸਟੈਚੂਟਰੀ ਪਬਲੀਕੇਸ਼ਨਜ਼ ਰਾਹੀਂ ਉਪਲਬਧ ਹੈ। ਵਰਕਰਜ਼ ਕਮਪਨਸੇਸ਼ਨ ਬੋਰਡ (WCB) ਪਾਲਿਸੀਆਂ (204) 954-4395 ਤੇ ਫੋਨ ਕਰਨ ਤੇ ਉਪਲਬਧ ਹਨ। ਇਹ ਦਸਤਾਵੇਜ਼ WCB ਦੀ ਵੈਬਸਾਈਟ www.wcb.mb.ca ਤੇ ਵੀ ਮੌਜੂਦ ਹਨ।